Press Desk
In the name of Allah the Most Gracious the Ever Merciful
بسم الله الرحمن الرحيم
Ahmadiyya Muslim Jama'at
INTRENATIONAL
(INDIA)
A Registered Religious and Charitable Society in India under the Societies Registration Act XXI 1860

# PRESS RELEASE

Dated: 15th April 2015

ਵਿਸ਼ਵਵਿਆਪੀ ਅਹਮਦੀਆ ਮੁਸਲਿਮ ਜਮਾਤ ਦੇ ਇਮਾਮ ਨੇ (IAAAE) ਇੰਟਰਨੈਸ਼ਲ ਅਸੋਸੀਏਸ਼ਨ ਆਫ਼ ਅਹਮਦੀ ਆਰਕੀਟੈਕਟ ਐਂਡ ਇੰਜੀਨੀਅਰਸ ਦੀ ਸਾਲਾਨਾ ਸੰਗ ਗੋਸ਼ਟੀ ਨੂੰ ਸੰਬੋਧਨ ਕੀਤਾ ।

ਵਿਸ਼ਵਵਿਆਪੀ ਅਹਮਦੀਆ ਮੁਸਇਲਮ ਜਮਾਤ ਦੇ ਇਮਾਮ ਨੇ ਫ਼ਰਮਾਇਆ ਕਿ "ਮਾਨਵ ਸੇਵਾ ਇਸਲਾਮੀ ਵਿਚਾਰਧਾਰਾ ਦਾ ਇਕ ਮਹਤੱਵਪੂਰਨ ਅੰਗ ਹੈ ।"

ਬੀਤੇ ਦਿਨੀ ਵਿਸ਼ਵ ਵਿਆਪੀ ਅਹਮਦੀਆ ਮੁਸਲਿਮ ਜਮਾਤ ਦੇ ਪੰਜਵੇਂ ਰੂਹਾਨੀ ਖ਼ਲੀਫ਼ਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਨੇ ਇੰਟਰਨੈਸ਼ਨਲ ਅਸੋਸੀਏਸ਼ਨ ਆਫ਼ ਅਹਮਦੀ ਆਰਕੀਟੈਕਟ ਐਂਡ ਇੰਜੀਨੀਅਰਸ (IAAAE) ਦੇ ਯੂਰੋਪੀਅਨ ਚੈਪਟਰ ਦੇ ਸਾਲਾਨਾ ਸੰਗਗੋਸ਼ਟੀ ਨੂੰ ਸੰਬੋਧਤ ਕੀਤਾ ਇਹ ਗੋਸ਼ਟੀ ਬੈਤੁਲ ਫ਼ੁਤੂਡ ਲੰਦਨ ਵਿੱਚ ਹੋਈ ।

ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਨੇ ਆਪਣੇ ਸੰਬੋਧਨ ਵਿੱਚ ਫ਼ਰਮਾਇਆ ਕਿ ਮਾਨਵ ਸੇਵਾ ਸਿਲਾਮੀ ਵਿਚਾਰਧਾਰਾ ਦਾ ਇਕ ਮਹਤੱਵਪੂਰਨ ਅੰਗ ਹੈ ਅਤੇ ਕਿਹਾ ਕਿ IAAAE ਜਿਹੇ ਕਲਿਆਣਕਾਰੀ ਸੰਗਠਨ ਬਹੁਤ ਭਾਗਸ਼ਾਲੀ ਹਨ ਕਿਉਂਕਿ ਇਹਨਾਂ ਦੀਆਂ ਸੇਵਾਵਾਂ ਰੱਬ ਦੇ ਪੁਰੁਸਕਾਰਾਂ ਦੀ ਪ੍ਰਾਪਤੀ ਦਾ ਸਬਬ ਹਨ । ਆਪਨੇ ਅਰੰਭ ਵਿੱਚ ਰੱਬ ਦੀ ਮਖ਼ਲੂਕ ਨਾਲ ਹਮਦਰਦੀ ਅਤੇ ਉਹਨਾਂ ਨੂੰ ਰਾਹਤ ਪਹੁੰਚਾਉਣ ਦੇ ਹਵਾਲੇ ਨਾਲ ਕਿਹਾ ਕਿ 'ਅਹਮਦੀਆ ਮੁਸਲਿਮ ਜਮਾਤ ਕਲਿਆਣਕਾਰੀ ਸੇਵਾ ਨਿਹਸਵਾਰਥ ਹੋਕੇ ਅਤੇ ਬਿਨਾ ਕਿਸੇ ਸੰਸਾਰਕ ਮੋਹ ਦੇ ਉਦੇਸ਼ਿਆਂ ਨੂੰ ਨੇਪਰੇ ਚਾੜ੍ਹਦੀ ਹੈ । ਇਹ ਕੇਵਲ ਇਸ ਕਰਕੇ ਨਹੀਂ ਕਿ ਦੂਜਿਆਂ ਦੀ ਮਦਦ ਕਰਨ ਲਈ ਇਹ ਇਕ ਮੁਢੱਲਾ ਅਖ਼ਲਾਕੀ ਫ਼ਰਜ਼ ਹੈ ਸਗੋਂ ਇਸ ਵਾਸਤਵਿਕਤਾ ਦੇ ਸਬਬ ਵੀ ਹੈ ਕਿ ਮੁਸਲਮਾਨ ਹੁੰਦਿਆਂ ਹੋਇਆ ਮਾਨਵ ਸੇਵਾ ਸਾਡੇ ਈਮਾਨ ਦਾ ਇਕ ਮਹਤੱਵਪੂਰਨ ਅੰਗ ਹੈ ।"

ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਨੇ ਫ਼ਰਮਾਇਆ : "ਕੁਰਆਨ ਕਰੀਮ ਵਿੱਚ ਰੱਬ ਨੇ ਹਕੀਕੀ ਮੋਮਨਾਂ ਨੂੰ ਵਾਰ ਵਾਰ ਮਾਨਵੀ ਅਧਿਕਾਰਾਂ ਦੀ ਪੁਰਨਤਾ ਅਤੇ ਹਰ ਲੋੜਵੰਦ ਅਤੇ ਹਰ ਇਕ ਪ੍ਰੇਸ਼ਾਨ ਹਾਲ ਲੋਕਾਂ ਦੀ ਮਦਦ ਦੀ ਹਦਾਇਤ ਕੀਤੀ ਹੈ । ਕੁਰਆਨ ਮਜੀਦ ਨੇ ਵਿਸ਼ੇਸ਼ ਕਰਕੇ ਸਮਾਜ ਦੇ ਪਛੱੜੇ ਤਬਕਿਆਂ ਦੇ ਲੋਕਾਂ ਦੀ ਸੇਵਾਂ ਉਪੱਰ ਜ਼ੋਰ ਦਿੱਤਾ ਹੈ । ਅਜਿਹੇ ਲੋਕ ਜੋ ਗਰੀਬੀ ਦੇ ਸ਼ਿਕਾਰ ਹਨ, ਬੇਸਹਾਰਾ ਹਨ ਜਾਂ ਯਤੀਮੀ ਦਾ ਜੀਵਨ ਬਤੀਤ ਕਰ ਰਹੇ ਹਨ ।"

ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੀਆਂ ਮਾਨਵ ਸੇਵਾ ਦੀਆਂ ਅਦੁੱਤੀ ਉਧਾਰਣਾਂ ਪੇਸ਼ ਕਰਦਿਆਂ ਹੋਇਆਂ ਆਪ ਜੀ ਨੇ ਫ਼ਰਮਾਇਆ : "ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਨੇ ਵਾਰ ਵਾਰ ਤਾਕੀਦ ਕੀਤੀ ਹੈ ਕਿ ਮਨੁੱਖੀ ਅਧਿਕਾਰਾਂ ਦੀ ਅਦਾਇਗੀ ਲਾਜ਼ਮੀ ਹੈ ਅਤੇ ਜੱਦ ਅਸੀਂ ਆਪ ਦੇ ਪਵਿੱਤਰ ਜੀਵਨ ਉਪੱਰ ਗ਼ੌਰ ਕਰਦੇ ਹਾਂ ਤਾਂ ਅਸੀਂ ਦੇਖਦੇ ਹਾਂ ਕਿ ਆਪ ਨੇ ਮਾਨਵਤਾ ਦੀ ਹਰ ਸੰਭਵ ਢੰਗ ਨਾਲ ਸੇਵਾ ਕੀਤੀ ਹੈ ਅਤੇ ਹਮੇਸ਼ਾ ਦੂਜਿਆਂ ਨੂੰ ਆਰਾਮ ਅਤੇ ਅਸਾਨੀ ਪਹੁੰਚਾਉਣ ਲਈ ਆਪਣੇ ਆਰਾਮ ਨੂੰ ਤਿਆਗ ਦਿੱਤਾ । ਇਕ ਵਾਰ ਹਜ਼ਰਤ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਅਮ ਨੇ ਫ਼ਰਮਾਇਆ ਕਿ ਈਮਾਨ ਦਾ ਅਰਥ ਹੀ ਭਲਾਈ ਚਾਹੁਣਾ ਅਤੇ ਦੂਜਿਆਂ ਖ਼ਾਤਰ ਵਫ਼ਾਦਾਰ ਰਹਿਣਾ ਅਤੇ ਉਹਨਾਂ ਦੇ ਹਕ ਪੂਰੇ ਕਰਨਾ ਹੈ ।"

IAAAE ਵਲੋਂ ਤੀਜੀ ਦੁਨੀਆ ਦੇ ਵੱਖ ਵੱਖ ਅਸਥਾਨਾ'ਤੇ ਕੀਤੇ ਗਏ ਕਲਿਆਣਕਾਰੀ ਕਾਰਜਾਂ ਦੀ ਚਰਚਾ ਕਰਦਿਆਂ ਹੋਇਆਂ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਨੇ ਫ਼ਰਮਾਇਆ :

“ਰੱਬ ਦੀ ਮਿਹਰ ਹੈ ਕਿ IAAAE ਨੇ ਲੋੜਵੰਦਾਂ ਦੇ ਦੁੱਖ ਦੂਰ ਕਰਨ ਲਈ ਅਤੇ ਉਹਨਾਂ ਨੂੰ ਅਰਾਮ ਪਹੁੰਚਾਉਣ ਲਈ ਬਹੁਤ ਮਨਸੂਬੇ ਬਣਾਏ ਹਨ । ਉਧਾਰਣ ਲਈ ਉਹਨਾਂ ਨੇ ਲੋਕਾਂ ਨੂੰ ਪੀਣ ਦਾ ਪਾਣੀ ਪ੍ਰਦਾਨ ਕਰਾਉਣ ਲਈ ਹਜ਼ਾਰਾਂ ਹੀ ਸੁੱਕੇ ਖੂਹਾਂ ਵਿਚ ਪਾਣੀ ਲਿਆਉਣ ਦਾ ਸਫ਼ਲ ਤਜਰਬਾ ਕੀਤਾ ਹੈ ਅਤੇ ਫਿਰ (Model Village project) ਮਾਡਲ ਵਿਲੈਜ ਪ੍ਰਾਜੈਕਟ ਹੇਠ ਉਹਨਾਂ ਨੇ ਤੀਜੀ ਦੁਨੀਆ ਵਿੱਚ ਵਸੱਣ ਵਾਲੇ ਵੰਚਿਤ ਲੋਕਾਂ ਨੂੰ ਰਿਹਾਇਸ਼ ਗਾਹਾਂ ਅਤੇ ਸਮਾਜਕ ਲੋੜਾਂ ਫਰਾਹਮ ਕੀਤੀਆਂ ਹਨ ।”

ਫਿਰ ਫ਼ਰਮਾਇਆ : “ਹਮੇਸ਼ਾ ਚੇਤੇ ਰੱਖੋ ਅਤੇ ਇਸ ਵਾਸਤਵਿਕਤਾ ਨੂੰ ਪਛਾਣੋ ਕਿ ਆਪ ਖ਼ੁਸ਼ਕਿਸਮਤ ਹਨ ਕਿ ਆਪ ਦੂਜਿਆਂ ਨੂੰ ਆਰਾਮ ਪਹੁੰਚਾਉਣ ਦੇ ਖੇਤਰ ਵਿੱਚ ਕੰਮ ਰਹੇ ਹਨ ਅਤੇ ਰੱਬ ਨੇ ਇਹ ਵਾਦਾ ਕੀਤਾ ਹੋਇਆ ਹੈ ਕਿ ਉਹ ਅਜਿਹੀ ਸਮਰਪਿਤ ਆਤਮਾ ਨਾਲ ਕੰਮ ਕਰਨ ਵਾਲਿਆਂ ਨੂੰ ਭਵਿੱਖ ਵਿੱਚ ਸੁੱਖ ਤੇ ਆਰਾਮ ਪਹੁੰਚਾਏ ਗਾ।”

ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਨੇ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲਾਹੁ ਅਲੈਹਿ ਵਸਲਅਮ ਦੇ ਜੀਵਨ ਦੀ ਇਕ ਗੱਲ ਬਿਆਨ ਕਰਦਿਆਂ ਹੋਇਆਂ ਫ਼ਰਮਇਆ, ਜੱਦ ਕੁਝ ਨੌਜੁਆਨਾ ਨੇ ਇਕ ਬੁੱਢੀ ਇਸਤਰੀ ਦੇ ਸਿਰ ਉਪੱਰੋਂ ਪਾਣੀ ਦਾ ਬਰਤਨ ਡਿਗਾ ਦਿੱਤਾ ਸੀ, ਜਿਸ ਤੋਂ ਆਪ ਬਹੁਤ ਪਰੇਸ਼ਾਨ ਹੋਏ, ਇਸ ਗਲ ਦੀ ਚਰਚਾ ਕਰਦੇ ਹੋਏ ਆਪ ਨੇ ਫ਼ਰਮਾਇਆ, “ ਉਸ ਬੁੱਢੀ ਇਸਤਰੀ ਨੂੰ ਆਰਾਮ ਪਹੁੰਚਾਉਣ ਦੀ ਥਾਂ ਅਤੇ ਪਾਣੀ ਲੈ ਜਾਣ ਵਿੱਚ ਉਸ ਦੀ ਮਦਦ ਕਰਨ ਦੀ ਬਜਾਏ ਉਹਨਾਂ ਨੌਜੁਆਨਾਂ ਨੇ ਉਸ ਨੂੰ ਬਹੁਤ ਕਸ਼ਟ ਦੇ ਦੁਖ ਪਹੁੰਚਾਇਆ ਪਰ IAAAE ਦੇ ਲੋਕ ਅਤਿਅੰਤ ਮੁਬਾਰਕ ਹਨ ਕਿਉਕਿ ਗਰੀਬੀ ਦੀ ਮਾਰੀ ਇਸਤਰੀ ਦੇ ਸਿਰ ਤੋਂ ਪਾਣੀ ਦੇ ਬਰਤਨ ਨੂੰ ਡਿਗਾਉਣ ਦੀ ਥਾਂ ਵਾਸਤਵ ਵਿੱਚ ਇਹ ਉਹਨਾਂ ਦੇ ਪਿੰਡਾਂ ਅਤੇ ਘਰਾਂ ਤੱਕ ਵੱਗਦਾ ਪਾਣੀ ਫ਼ਰਾਹਮ ਕਰਦਿਆਂ ਹੋਇਆ ਉਹਨਾਂ ਦੇ ਮੋਢਿਓਂ ਉਪੱਰੋਂ ਦੀ ਭਾਰ ਲਾ ਰਹੇ ਹਨ ।”

ਆਪ ਜੀ ਨੇ ਆਪਣੇ ਸੰਬੋਧਨ ਦੇ ਅੰਤ ਵਿੱਚ ਬਾਨੀ ਜਮਾਤ ਅਹਮਦੀਆ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ ਦਾ ਇਹ ਕਥਨ ਪੇਸ਼ ਕੀਤਾ : “ਹਰ ਮਨੁੱਖ ਨਾਲ ਪਿਆਰ ਅਤੇ ਸਹਾਨੁਭੁਤੀ ਕਰਨਾ ਇਬਾਦਤ ਦਾ ਇਕ ਮਹਾਨਤਮ ਤਰੀਕਾ ਹੈ ਅਤੇ ਰੱਬ ਦੀ ਰਜ਼ਾ ਦੀ ਪ੍ਰਾਪਤੀ ਦਾ ਇਕ ਵਧੀਆ ਸਾਧਨ ਹੈ ।”

ਇਸ ਗੋਸ਼ਟੀ ਦੇ ਅਰੰਭ ਵਿੱਚ ਸ਼੍ਰੀਮਾਨ ਮੁਹਮੱਦ ਅਕਰਮ ਅਹਮਦੀ ਚੇਅਰਮੈਨ IAAAE ਯੁਰੋਪੀਅਨ ਚੈਪਟਰ ਨੇ ਰਿਪੋਰਟ ਪੇਸ਼ ਕੀਤੀ ਜਿਸ ਵਿੱਚ ਉਹਨਾਂ ਨੇ ਸਾਲ ਦੇ ਦੌਰਾਨ IAAAE ਦੇ ਕੀਤੇ ਪ੍ਰਮੁੱਖ ਕਾਰਜਾਂ ਤੇ ਪ੍ਰਾਜੈਕਟਾਂ ਦੀ ਚਰਚਾ ਕੀਤੀ । ਉਹਨਾਂ ਨੇ ਕਿਹਾ ਕਿ (Ebola Virus) ਇਬੋਲਾ ਵਾਇਰਸ ਦੇ ਫੈਲਣ ਦੇ ਸਿੱਟੇ ਵਿੱਚ ਪਛੱਮੀ ਅਫ਼ਰੀਕਾ ਦੇ ਕੁਝ ਪ੍ਰਾਜੈਕਟ ਅਜੇ ਮੁਲਤਵੀ ਹਨ ਜੱਦ ਕਿ ਮੱਧ ਤੇ ਪੂਰਬੀ ਅਫ਼ਰੀਕਾ ਵਿੱਚ ਤੀਬਰਤਾ ਨਾਲ ਨਿਰੰਤਰ ਕਲਿਆਣਕਾਰੀ ਕਾਰਜਾਂ ਦੇ ਪ੍ਰਾਜੈਕਟ ਚਲ ਰਹੇ ਹਨ । ਉਹਨਾਂ ਨੇ ਦੱਸਿਆ ਕਿ IAAAE ਅਫਰੀਕਾ ਅਤੇ ਯੋਰੁਪ ਵਿਚ ਵੱਖ ਮਸਜਿਦਾਂ ਅਤੇ ਮਿਸ਼ਨ ਹਾਉਸਜ਼ ਦੀ ਉਸਾਰੀ ਤੇ ਵਿਸਥਾਰ ਦੇ ਸੰਬੰਧ ਵਿੱਚ ਵੀ ਕੰਮ ਕਰ ਰਹੀ ਹੈ । ਯੋਰਪੀਅਨ ਦੇਸ਼ਾਂ ਤੋਂ 120 ਤੋਂ ਵੱਧ ਨੁਮਾਇੰਦਿਆਂ ਨੇ ਇਸ ਗੋਸ਼ਟੀ ਵਿੱਚ ਭਾਗ ਲਿਆ । ਇਹ ਗੋਸ਼ਟੀ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਦੀ ਦੁਆ ਨਾਲ ਖ਼ਤਮ ਹੋਈ ।

**END RELEASE**

For further details please contact:
Incharge Press & Media, Ahmaidyya Muslim Jama'at India,
Qadian-143516, Distt.Gurdaspur, Punjab, India.
Mobile: +91-99887 57988, Email: pressamjindia@gmail.com,
Tel: +91-1872-500311, Fax: +91-1872-500178
Noorul Islam Toll Free Number: 1800-3010-2131